# ਆਪਣੇ ਲੀਗਲ ਏਡ ਦੇ ਵਕੀਲ ਨਾਲ ਕੰਮ ਕਰਨਾ

Working with your legal aid lawyer

## ਤੁਸੀਂ ਆਪਣੇ **ਵਕੀਲ** ਤੋਂ ਕੀ ਕਰਨ ਦੀ ਉਮੀਦ ਰੱਖ ਸਕਦੇ ਹੋ

What you can expect your lawyer to do



**ਹੇਠਾਂ ਦਿੱਤੀਆਂ ਸੇਧਾਂ (ਗਾਈਡਲਾਈਨਾਂ) ਇਹ ਦੱਸਦੀਆਂ ਹਨ ਕਿ ਲੀਗਲ ਸਰਵਿਸਿਜ਼ ਸੁਸਾਇਟੀ (ਐੱਲ ਐੱਸ ਐੱਸ) ਨਾਲ ਲੀਗਲ ਏਡ ਦੇ ਆਪਣੇ ਇਕਰਾਰਨਾਮੇ ਤੋਂ ਕੀ ਉਮੀਦ ਰੱਖਣੀ ਹੈ। ਇਹ ਤੁਹਾਡੀ ਅਤੇ ਤੁਹਾਡੇ ਵਕੀਲ ਦੀ ਤੁਹਾਡੇ ਕੇਸ ’ਤੇ ਰਲ ਕੇ ਕੰਮ ਕਰਨ ਵਿਚ ਮਦਦ ਕਰੇਗਾ।**

- ਤੁਹਾਡੇ ਕੇਸ ਬਾਰੇ ਗੱਲਬਾਤ ਕਰਨ ਲਈ ਤੁਹਾਨੂੰ ਮਿਲਣ ਲਈ ਤਾਰੀਕ ਤਹਿ ਕਰਦਾ ਹੈ।
- ਤੁਹਾਨੂੰ ਇਨ੍ਹਾਂ ਬਾਰੇ ਦੱਸਦਾ ਹੈ:
  - ਭੇਤਦਾਰੀ
  - ਤੁਹਾਡੀਆਂ ਜ਼ਿੰਮੇਵਾਰੀਆਂ
  - ਕਾਨੂੰਨੀ ਕਾਰਵਾਈ ਦੇ ਕਦਮ
  - ਤੁਹਾਡੀਆਂ ਕਾਨੂੰਨੀ ਚੋਣਾਂ
  - ਜੋ ਤੁਸੀਂ ਚਾਹੁੰਦੇ ਹੋ ਉਹ ਹਾਸਲ ਕਰਨ ਦੇ ਤੁਹਾਡੇ ਮੌਕੇ
  - ਉਹ ਖਤਰੇ ਜਿਨ੍ਹਾਂ ਦਾ ਤੁਹਾਨੂੰ ਸਾਮ੍ਹਣਾ ਕਰਨਾ ਪੈ ਸਕਦਾ ਹੈ
  - ਤੁਹਾਡੇ ਲੀਗਲ ਏਡ ਦੇ ਇਕਰਾਰਨਾਮੇ ਦੀਆਂ ਸੀਮਾਵਾਂ
- ਉਹ ਕੋਈ ਵੀ ਜਾਣਕਾਰੀ ਤੁਹਾਡੇ ਤੋਂ ਪੁੱਛਦਾ ਹੈ ਜਿਹੜੀ ਤੁਹਾਡੇ ਕੋਲ ਆਪਣੇ ਕੇਸ ਬਾਰੇ ਹੈ।
- ਤੁਹਾਡਾ ਤੋਂ ਪੁੱਛਦਾ ਹੈ ਕਿ ਤੁਸੀਂ ਆਪਣੇ ਕੇਸ ਤੋਂ ਕਿਹੜੇ ਨਤੀਜੇ ਚਾਹੁੰਦੇ ਹੋ, ਪਰ ਤੁਹਾਨੂੰ ਦੱਸਦਾ ਹੈ ਕਿ ਉਹ ਤੁਹਾਡੇ ਕੇਸ ਦੇ ਨਤੀਜੇ ਦੀ ਗਰੰਟੀ *ਨਹੀਂ* ਦੇ ਸਕਦਾ।
- ਇਸ ਚੀਜ਼ ਬਾਰੇ ਕਾਨੂੰਨੀ ਸਲਾਹ ਦਿੰਦਾ ਹੈ ਕਿ ਕੀ ਕਰਨਾ ਹੈ। (ਕਾਨੂੰਨ ਬਾਰੇ ਉਸ ਦੀ ਰਾਇ ਉਨ੍ਹਾਂ ਚੋਣਾਂ ਨਾਲੋਂ ਵੱਖਰੀ ਹੋ ਸਕਦੀ ਹੈ ਜਿਹੜੀਆਂ ਤੁਸੀਂ ਚਾਹੁੰਦੇ ਹੋ।)
- ਤੁਹਾਡੇ ਕਾਨੂੰਨੀ ਸਵਾਲਾਂ ਦੇ ਜਵਾਬ ਦਿੰਦਾ ਹੈ।
- ਕੰਮ ਨੂੰ ਸਮੇਂ ਸਿਰ ਮੁਕੰਮਲ ਕਰਨ ਦੀ ਕੋਸ਼ਿਸ਼ ਕਰਦਾ ਹੈ ਅਤੇ ਤੁਹਾਨੂੰ ਇਹ ਦੱਸਦਾ ਹੈ ਕਿ ਕੀ ਜ਼ਿਆਦਾ ਦੇਰ ਲੱਗਣ ਦੀ ਉਮੀਦ ਹੈ।
- ਜਿੰਨਾ ਵੀ ਛੇਤੀ ਉਹ ਕਰ ਸਕਦਾ ਹੋਵੇ, ਤੁਹਾਡੇ ਫੋਨਾਂ ਦੇ ਜਵਾਬ ਦੇਣ ਅਤੇ ਈਮੇਲਾਂ ਜਾਂ ਚਿੱਠੀਆਂ ਦਾ ਜਵਾਬ ਦੇਣ ਦੀ ਕੋਸ਼ਿਸ਼ ਕਰਦਾ ਹੈ (ਸ਼ਾਇਦ ਉਸੇ ਦਿਨ ਨਹੀਂ)।
- ਤੁਹਾਡੇ ਨਾਲ ਬਣਾਈਆਂ ਅਪੌਇੰਟਮੈਂਟਾਂ ’ਤੇ ਮਿਲਦਾ ਹੈ। ਜੇ ਉਹ ਕੋਈ ਅਪੌਇੰਟਮੈਂਟ ਨਾ ਰੱਖ ਸਕਦਾ ਹੋਵੇ ਜਾਂ ਅਪੌਇੰਟਮੈਂਟ ਤੋਂ ਖੁੰਝ ਜਾਵੇ ਤਾਂ ਹੋਰ ਅਪੌਇੰਟਮੈਂਟ ਬਣਾਉਣ ਲਈ ਤੁਹਾਡੇ ਨਾਲ ਸੰਪਰਕ ਕਰਦਾ ਹੈ।
- ਤੁਹਾਡੇ ਨਾਲ ਕੇਸ ਦੇ ਸਾਰੇ ਮਹੱਤਵਪੂਰਨ ਫੈਸਲਿਆਂ ਬਾਰੇ ਵਿਚਾਰ ਕਰਦਾ ਹੈ।
- ਤੁਹਾਡੇ ਕੇਸ ਦੇ ਹਰ ਪੱਧਰ ’ਤੇ ਤੁਹਾਨੂੰ ਜਾਣਕਾਰੀ ਦਿੰਦਾ ਹੈ।
- ਜੇ ਕਿਸੇ ਮੀਟਿੰਗ ਜਾਂ ਸੁਣਵਾਈ ਲਈ ਤੁਹਾਨੂੰ ਦੋਭਾਸ਼ੀਏ ਦੀ ਲੋੜ ਹੋਵੇ ਤਾਂ ਇਹ ਪੱਕਾ ਕਰਦਾ ਹੈ ਕਿ ਉਹ ਤੁਹਾਨੂੰ ਮਿਲੇ।
- ਜੇ ਮੰਗ ਵਾਜਬ ਹੋਵੇ ਤਾਂ ਤੁਹਾਨੂੰ ਪੇਪਰਾਂ ਜਾਂ ਹੋਰ ਜਾਣਕਾਰੀ ਦੀਆਂ ਕਾਪੀਆਂ ਦਿੰਦਾ ਹੈ।
- ਜੇ ਉਹ ਕੋਈ ਮਹੱਤਵਪੂਰਨ ਚੀਜ਼ ਕਰਨਾ ਭੁੱਲ ਜਾਵੇ ਜਾਂ ਕੋਈ ਗਲਤੀ ਕਰੇ ਤਾਂ ਤੁਹਾਨੂੰ ਫੌਰਨ ਇਸ ਬਾਰੇ ਦੱਸਦਾ ਹੈ।
- ਤੁਹਾਨੂੰ ਇਹ ਦੱਸਦਾ ਹੈ ਕਿ ਕੀ ਤੁਸੀਂ ਆਪਣੇ ਕੇਸ ਦੇ ਨਤੀਜੇ ਵਿਰੁੱਧ ਅਪੀਲ ਕਰ ਸਕਦੇ ਹੋ ਜਾਂ ਨਹੀਂ (ਮੁੜ ਵਿਚਾਰ ਕਰਨ ਲਈ ਕਹਿਣਾ) ਜੇ ਤੁਸੀਂ ਇਸ ਤੋਂ ਨਾਖੁਸ਼ ਹੋਵੋ।
- ਤੁਹਾਡੇ ਤੋਂ ਕਦੇ ਵੀ ਪੈਸੇ *ਨਹੀਂ* ਮੰਗਦਾ ਹੈ।

### ਵਕੀਲ ਬਦਲਣਾ

Change of lawyer

ਜੇ ਤੁਸੀਂ ਇਹ ਸੋਚਦੇ ਹੋਵੋ ਕਿ ਤੁਹਾਡੇ ਵਕੀਲ ਨੇ ਆਪਣੀਆਂ ਜ਼ਿੰਮੇਵਾਰੀਆਂ ਪੂਰੀਆਂ ਨਹੀਂ ਕੀਤੀਆਂ ਤਾਂ ਇਸ ਬਾਰੇ ਉਸ ਨਾਲ ਗੱਲ ਕਰੋ। ਜੇ ਤੁਸੀਂ ਸਮੱਸਿਆ ਦਾ ਹੱਲ ਨਾ ਕਰ ਸਕਦੇ ਹੋਵੋ ਤਾਂ ਇਹ ਪਤਾ ਲਾਉਣ ਲਈ ਲੀਗਲ ਏਡ ਦੇ ਆਪਣੇ ਸਥਾਨਕ ਦਫਤਰ ਨਾਲ ਸੰਪਰਕ ਕਰੋ ਕਿ ਤੁਸੀਂ ਕੀ ਕਰ ਸਕਦੇ ਹੋ। ਐੱਲ ਐੱਸ ਐੱਸ ਤੁਹਾਨੂੰ ਆਪਣਾ ਵਕੀਲ ਬਦਲਣ ਦੀ ਆਗਿਆ ਸਿਰਫ *ਸੀਮਤ* ਹਾਲਤਾਂ ਵਿਚ ਹੀ ਦਿੰਦੀ ਹੈ, ਅਤੇ ਸਿਰਫ ਤਾਂ ਹੀ ਜੇ ਤੁਸੀਂ ਅਜੇ ਵੀ ਸੇਵਾਵਾਂ ਲਈ ਯੋਗ ਹੋਵੋ।

ਜੇ ਤੁਸੀਂ ਆਪਣਾ **ਵਕੀਲ ਬਦਲਣ** ਲਈ ਅਪਲਾਈ ਕਰਦੇ ਹੋ (ਜਿਸ ਨੂੰ ਵਕੀਲ ਬਦਲਣ ਦੀ ਬੇਨਤੀ ਆਖਿਆ ਜਾਂਦਾ ਹੈ) ਤਾਂ ਤੁਹਾਡਾ ਕੋਲ ਇਸ ਲਈ *ਚੰਗਾ* ਕਾਰਨ ਹੋਣਾ ਜ਼ਰੂਰੀ ਹੈ (ਜਿਵੇਂ ਕਿ ਸਰਵਿਸ ਦੀ ਕੁਆਲਟੀ ਦੇ ਫਿਕਰ)। ਤੁਹਾਡੀ ਬੇਨਤੀ ਦਾ *ਜਾਇਜ਼* ਹੋਣਾ ਵੀ ਜ਼ਰੂਰੀ ਹੈ (ਅਸਲੀ ਉਮੀਦਾਂ ਦੇ ਆਧਾਰ ’ਤੇ)। ਆਪਣੇ ਕੇਸ ਦੇ ਅੱਧ ਵਿਚ ਆਪਣਾ ਵਕੀਲ ਬਦਲਣਾ ਸਮੱਸਿਆਵਾਂ ਖੜ੍ਹੀਆਂ ਕਰ ਸਕਦਾ ਹੈ।

ਜੇ ਤੁਸੀਂ ਆਪਣਾ ਵਕੀਲ ਬਦਲਣ ਲਈ ਕਹਿੰਦੇ ਹੋ ਤਾਂ ਤੁਹਾਡੇ ਲਈ ਇਸ ਬਾਰੇ ਉਸ ਨੂੰ ਲਿਖਤੀ ਰੂਪ ਵਿਚ ਦੱਸਣਾ ਜ਼ਰੂਰੀ ਹੈ। ਜੇ ਐੱਲ ਐੱਸ ਐੱਸ ਤੁਹਾਡੀ ਬੇਨਤੀ ਨੂੰ ਮਨਜ਼ੂਰ ਕਰ ਲੈਂਦੀ ਹੈ ਤਾਂ ਤੁਹਾਡੇ ਵਕੀਲ ਲਈ ਜਿੰਨਾ ਵੀ ਛੇਤੀ ਹੋ ਸਕੇ ਤੁਹਾਡੀ ਫਾਇਲ ਨਵੇਂ ਵਕੀਲ ਨੂੰ ਦੇਣਾ ਜ਼ਰੂਰੀ ਹੈ।

# ਆਪਣੇ ਲੀਗਲ ਏਡ ਦੇ ਵਕੀਲ ਨਾਲ ਕੰਮ ਕਰਨਾ

Working with your legal aid lawyer



## ਤੁਹਾਡਾ ਵਕੀਲ ਤੁਹਾਡੇ ਤੋਂ (ਆਪਣੇ ਕਲਾਇੰਟ ਤੋਂ) ਕੀ ਕਰਨ ਦੀ ਉਮੀਦ ਰੱਖਦਾ ਹੈ

What your lawyer expects you (their client) to do

**ਹੇਠਾਂ ਦਿੱਤੀਆਂ ਸੇਧਾਂ (ਗਾਈਡਲਾਈਨਾਂ) ਇਹ ਦੱਸਦੀਆਂ ਹਨ ਕਿ ਲੀਗਲ ਸਰਵਿਸਿਜ਼ ਸੁਸਾਇਟੀ (ਐੱਲ ਐੱਸ ਐੱਸ) ਨਾਲ ਲੀਗਲ ਏਡ ਦੇ ਆਪਣੇ ਇਕਰਾਰਨਾਮੇ ਤੋਂ ਕੀ ਉਮੀਦ ਰੱਖਣੀ ਹੈ। ਇਹ ਤੁਹਾਡੀ ਅਤੇ ਤੁਹਾਡੇ ਵਕੀਲ ਦੀ ਤੁਹਾਡੇ ਕੇਸ ’ਤੇ ਰਲ ਕੇ ਕੰਮ ਕਰਨ ਵਿਚ ਮਦਦ ਕਰੇਗਾ।**

- ਉਸ ਨੂੰ ਪੁੱਛੋ ਕਿ ਇਕਰਾਰਨਾਮਾ (ਕੌਨਟਰੈਕਟ) ਤੁਹਾਡੇ ਕੇਸ ’ਤੇ ਕੰਮ ਕਰਨ ਲਈ ਉਸ ਨੂੰ ਕਿੰਨਾ ਸਮਾਂ ਦਿੰਦਾ ਹੈ ਅਤੇ ਆਪਣਾ ਕੇਸ ਤਿਆਰ ਕਰਨ ਵਿਚ ਤੁਸੀਂ ਕਿਵੇਂ ਮਦਦ ਕਰ ਸਕਦੇ ਹੋ। ਤੁਹਾਡੇ ਕੇਸ ’ਤੇ ਉਸ ਦੇ ਸਮੇਂ ਵਿਚ ਤੁਹਾਡੀਆਂ ਈਮੇਲਾਂ, ਫੋਨ ਕਾਲਾਂ, ਅਤੇ ਮੀਟਿੰਗਾਂ; ਕੋਰਟ ਲਈ ਤਿਆਰੀ ਅਤੇ ਕੋਰਟ ਵਿਚ ਹਾਜ਼ਰੀ; ਕਾਨੂੰਨੀ ਖੋਜ; ਅਤੇ ਕਾਨੂੰਨੀ ਪੇਪਰਾਂ ’ਤੇ ਵਿਚਾਰ ਕਰਨਾ ਅਤੇ ਇਨ੍ਹਾਂ ਨੂੰ ਤਿਆਰ ਕਰਨਾ ਸ਼ਾਮਲ ਹਨ।
- ਉਸ ਨੂੰ ਆਪਣੇ ਕੇਸ ਦੇ ਸਾਰੇ ਤੱਥ ਦਿਉ ਅਤੇ ਸੱਚ ਬੋਲੋ। ਜੇ ਤੁਸੀਂ ਸੱਚ ਨਹੀਂ ਬੋਲੋਗੇ ਤਾਂ ਹੋ ਸਕਦਾ ਤੁਹਾਡੇ ਵਕੀਲ ਦੀ ਸਲਾਹ ਮਦਦ ਨਾ ਕਰ ਸਕੇ ਅਤੇ ਤੁਹਾਡੇ ਕੇਸ ਦਾ ਨੁਕਸਾਨ ਵੀ ਕਰ ਦੇਵੇ।
- ਉਸ ਨੂੰ ਕੁਝ ਸੁਝਾਅ ਦਿਉ ਕਿ ਤੁਸੀਂ ਕੀ ਵਾਪਰਿਆ ਦੇਖਣਾ ਚਾਹੁੰਦੇ ਹੋ ਅਤੇ ਤੁਸੀਂ ਕਦੋਂ ਤੱਕ ਇਹ ਪੂਰਾ ਹੋਣ ਦੀ ਉਮੀਦ ਰੱਖਦੇ ਹੋ।
- ਮੀਟਿੰਗਾਂ ਵਿਚ ਅਤੇ ਫੋਨ ਕਾਲਾਂ ’ਤੇ ਹੋਈ ਆਪਣੀ ਗੱਲਬਾਤ ਦੇ ਨੋਟ ਲਿਖ ਲਉ। ਇਹ ਲਿਖ ਲਉ ਕਿ ਕਿਹੜੇ ਕੰਮ ਕਰਨ ਲਈ ਤੁਸੀਂ ਸਹਿਮਤ ਹੋਏ ਹੋ ਅਤੇ ਤੁਸੀਂ ਇਹ ਕਦੋਂ ਤੱਕ ਖਤਮ ਕਰਨ ਦੀ ਉਮੀਦ ਰੱਖਦੇ ਹੋ।
- ਉਸ ਨੂੰ ਆ ਰਹੀਆਂ ਕੋਰਟ ਦੀਆਂ ਤਾਰੀਕਾਂ, ਅਪੌਇੰਟਮੈਂਟਾਂ, ਜਾਂ ਹੋਰ ਜ਼ਰੂਰੀ ਮਾਮਲਿਆਂ ਬਾਰੇ ਦੱਸੋ।
- ਉਸ ਨੂੰ ਕੋਈ ਵੀ ਉਹ ਪੇਪਰ ਦਿਉ ਜਿਹੜੇ ਉਸ ਨੇ ਤੁਹਾਡੇ ਕੇਸ ਬਾਰੇ ਮੰਗੇ ਹਨ ਅਤੇ ਜੇ ਤੁਹਾਡੇ ਕੋਲ ਕੋਈ ਨਵੀਂ ਜਾਣਕਾਰੀ ਹੈ ਤਾਂ ਉਹ ਵੀ ਦਿਉ; ਇਹ ਉਸ ਨੂੰ ਈਮੇਲ ਜਾਂ ਚਿੱਠੀ ਰਾਹੀਂ ਭੇਜੋ, ਜਾਂ ਉਸ ਦੇ ਅਸਿਸਟੈਂਟ ਨੂੰ ਦੱਸੋ।
- ਜਿੰਨਾ ਵੀ ਛੇਤੀ ਹੋ ਸਕੇ ਉਸ ਦੇ ਸਾਰੇ ਸਵਾਲਾਂ ਦੇ ਜਵਾਬ ਦਿਉ।
- ਜੇ ਤੁਹਾਨੂੰ ਕੋਈ ਗੱਲ ਸਮਝ ਨਹੀਂ ਆਈ ਤਾਂ ਸਵਾਲ ਪੁੱਛੋ।
- ਸਿਰਫ ਆਪਣੇ ਕੇਸ ਬਾਰੇ ਅਤੇ ਆਪਣੇ ਕੇਸ ਦੇ ਮਹੱਤਵਪੂਰਨ ਤੱਥਾਂ ਬਾਰੇ ਹੀ ਗੱਲ ਕਰੋ।
- ਹਰ ਅਪੌਇੰਟਮੈਂਟ ਜਾਂ ਕੋਰਟ ਵਿਚ ਪੇਸ਼ੀ ਲਈ ਸਮੇਂ ਸਿਰ ਪਹੁੰਚੋ।
- ਆਪਣੇ ਕੇਸ ਦੇ ਹਰ ਪੜਾ ’ਤੇ ਉਸ ਨੂੰ ਦੱਸੋ ਕਿ ਤੁਸੀਂ ਕੀ ਫੈਸਲਾ ਕੀਤਾ ਹੈ ਅਤੇ ਉਸ ਨੂੰ ਸਪਸ਼ਟ ਹਿਦਾਇਤਾਂ ਦਿਉ।
- ਆਪਣੀਆਂ ਮੀਟਿੰਗਾਂ ਲਈ ਤਿਆਰ ਹੋਵੋ; ਇਹ ਫੈਸਲਾ ਕਰੋ ਕਿ ਤੁਹਾਡੇ ਸਭ ਤੋਂ ਜ਼ਰੂਰੀ ਕਾਨੂੰਨੀ ਮਾਮਲੇ ਕਿਹੜੇ ਹਨ ਅਤੇ ਉਹ ਪੇਪਰ ਲਉ ਜਿਨ੍ਹਾਂ ਦੀ ਤੁਹਾਨੂੰ ਲੋੜ ਹੈ।
- ਇਹ ਪੱਕਾ ਕਰੋ ਕਿ ਉਸ ਕੋਲ ਤੁਹਾਡੇ ਨਾਲ ਸੰਪਰਕ ਕਰਨ ਦੀ ਤਾਜ਼ਾ ਜਾਣਕਾਰੀ ਹੈ ਅਤੇ ਉਸ ਨੂੰ ਦੱਸੋ ਕਿ ਉਹ ਸੁਨੇਹੇ ਕਿੱਥੇ ਛੱਡ ਸਕਦੇ ਹਨ।
- ਜੇ ਤੁਹਾਡੀ ਉਸ ਨਾਲ ਕੋਈ ਅਸਹਿਮਤੀ ਹੋਵੇ ਤਾਂ ਇਸ ਬਾਰੇ ਉਸ ਨੂੰ ਦੱਸੋ।

### ਸ਼ਿਕਾਇਤਾਂ

Complaints

ਜੇ ਤੁਸੀਂ ਐੱਲ ਐੱਸ ਐੱਸ ਦੀ ਕਿਸੇ ਸਰਵਿਸ ਤੋਂ ਖੁਸ਼ ਨਾ ਹੋਵੋ ਤਾਂ ਤੁਹਾਡੇ ਕੋਲ ਅਪੀਲ ਕਰਨ ਦਾ ਹੱਕ ਹੈ। ਜ਼ਿਆਦਾ ਜਾਣਕਾਰੀ ਲਈ **legalaid.bc.ca/about/complaints.php** ਦੇਖੋ।

*ਕੁਝ ਹਾਲਤਾਂ ਵਿਚ, ਤੁਹਾਡਾ ਵਕੀਲ ਤੁਹਾਡੇ ਲੀਗਲ ਏਡ ਦੇ ਇਕਰਾਰਨਾਮੇ ਵਿੱਚੋਂ ਆਪਣੇ ਆਪ ਨੂੰ ਬਾਹਰ ਕੱਢ ਸਕਦਾ ਹੈ ਜੇ ਉਸ ਕੋਲ ਕੋਈ ਚੰਗਾ ਕਾਰਨ ਹੋਵੇ ਅਤੇ ਉਸ ਦੀ ਬੇਨਤੀ ਵਾਜਬ ਹੋਵੇ।*

Legal Services Society
British Columbia
www.legalaid.bc.ca